# ਪਾਰਕਿੰਸਨ'ਸ ਬਾਰੇ ਤੁਰੰਤ ਜਾਣਕਾਰੀ

PARKINSON'S UK

CHANGE ATTITUDES. FIND A CURE. JOIN US.



A quick introduction to Parkinson's

Punjabi




ਜੇਕਰ ਤੁਸੀ ਕੇਵਲ ਜਾਂਚ ਕਰਵਾਈ ਹੈ ਜਾਂ ਤੁਸੀ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋਂ ਜਿਸਨੂੰ ਪਾਰਕਿੰਸਨ’ਸ ਹੈ, ਤੁਹਾਡੇ ਮਨ ਵਿੱਚ ਬਹੁਤ ਸਾਰੇ ਸਵਾਲ ਅਤੇ ਸ਼ਾਇਦ ਕੁਝ ਚਿੰਤਾਵਾਂ ਹੋਈਆਂ ਹੋਣਗੀਆਂ। ਇਸ ਲਈ ਉੱਥੇ ਪਾਰਕਿੰਸਨ’ਸUK ਆਉਂਦਾ ਹੈ।

ਪਾਰਕਿੰਸਨ’ਸ,UK UK ਵਿੱਚ ਬਹੁਤ ਵੱਡੀ ਸਹਾਇਤਾ ਅਤੇ ਖੋਜ ਚੈਰਿਟੀ ਹੈ। ਅਸੀਂ ਇਲਾਜ ਖੋਜਣ ਅਤੇ ਪਾਰਕਿੰਸਨ’ਸ ਨਾਲ ਪ੍ਰਭਾਵਿਤ ਹਰੇਕ ਵਿਅਕਤੀ ਦੀ ਜ਼ਿੰਦਗੀ ਸੁਧਾਰਨ ਲਈ ਵਚਨਬੱਧ ਹਾਂ। ਅਸੀ ਅਨੁਭਵੀ ਸਟਾਫ਼ ਅਤੇ ਨਰਸਾਂ, ਮੁਫ਼ਤ ਗੁਪਤ ਹੈਲਪਲਾਈਨ, ਸਾਡੀ ਵੈਬਸਾਈਟ ਅਤੇ 360 ਸਥਾਨਕ ਸਮੂਹਾਂ ਸਹਾਇਤਾ ਸਮੇਤ ਜਾਣਕਾਰੀ ਦੀ ਇੱਕ ਲੜੀ ਪ੍ਰਦਾਨ ਕਰਦੇ ਹਾਂ।




ਪਾਰਕਿੰਸਨ'ਸ ਸੰਕਰਾਮਕ ਨਹੀਂ ਹੈ ਅਤੇ ਇਹ ਆਮ ਤੌਰ ਤੇ ਪਰਿਵਾਰਾਂ ਵਿੱਚ ਨਹੀਂ ਫੈਲਦਾ। ਜ਼ਿਆਦਾਤਰ ਲੋਕਾਂ ਲਈ, ਪਾਰਕਿੰਸਨ'ਸ ਉਹਨਾਂ ਦੇ ਜੀਵਨ ਦੀ ਸੰਭਾਵਨਾ ਨੂੰ ਪ੍ਰਭਾਵਿਤ ਨਹੀਂ ਕਰੇਗਾ। ਅਸੀ ਅਜੇ ਜਾਣਦੇ ਨਹੀਂ ਕਿ ਪਾਰਕਿੰਸਨ'ਸ ਕਿਉਂ ਹੁੰਦਾ ਹੈ।

ਕਿਸੇ ਦੇ ਲੱਛਣ ਅਤੇ ਤੇਜ਼ੀ ਨਾਲ ਸਥਿਤੀ ਵਧਣ ਸੰਬੰਧੀ, ਇਸ ਵਿੱਚ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਅੰਤਰ ਹੋਵੇਗਾ। ਹਾਲਾਂਕਿ ਵਰਤਮਾਨ ਵਿੱਚ ਕੋਈ ਇਲਾਜ ਨਹੀਂ ਹੈ, ਕਈ ਲੱਛਣਾਂ ਦਾ ਉਪਾਅ ਕਰਨ ਲਈ ਬਹੁਤ ਸਾਰੀਆਂ ਦਵਾਈਆਂ ਅਤੇ ਚਿਕਿਤਸਾਵਾਂ ਮੌਜੂਦ ਹਨ।

ਸੋਨੀਆ




ਹਰੇਕ 500 ਵਿਅਕਤੀਆਂ ਮਗਰ ਇੱਕ ਵਿਅਕਤੀ ਪਾਰਕਿੰਸਨ'ਸ ਨਾਲ ਪ੍ਰਭਾਵਿਤ ਹੈ। ਜੋ UK ਵਿੱਚ ਲਗਭਗ 127,000 ਵਿੱਚ ਲੋਕ ਹਨ। ਜ਼ਿਆਦਾਤਰ ਲੋਕ ਜੋ ਪਾਰਕਿੰਸਨ'ਸ ਪ੍ਰਭਾਵਿਤ ਹਨ ਜੋ 50 ਸਾਲ ਜਾਂ ਇਸ ਤੋਂ ਉੱਪਰ ਹਨ, ਪਰੰਤੂ ਛੋਟੇ ਵੀ ਇਸ ਨਾਲ ਪ੍ਰਭਾਵਿਤ ਹੋ ਸਕਦੇ ਹਨ।

ਜ਼ਿਆਦਾਤਰ ਜਾਂਚ ਅਧੀਨ ਲੋਕਾਂ ਦੀ ਉਮਰ 55-74 ਸਾਲ ਹੈ ਪਰੰਤੂ ਹਰ 20 ਲੋਕਾਂ ਵਿੱਚੋਂ ਇੱਕ ਵਿਅਕਤੀ ਜੋ ਜਾਂਚ ਅਧੀਨ ਹੈ, ਉਸਦੀ ਉਮਰ 40 ਤੋਂ ਘੱਟ ਹੈ।




ਪਾਰਕਿੰਸਨ’ਸ ਨਾਲ ਪ੍ਰਭਾਵਿਤ ਲੋਕਾਂ ਵਿੱਚ ਉੱਚਿਤ ਮਾਤਰਾ ਵਿੱਚ ਰਸਾਇਣਕ ਤੱਤ ਡੋਪਾਮਾਈਨ ਨਹੀਂ ਹੁੰਦਾ। ਇਹ ਹੈ ਕਿਉਂਕਿ ਉਹਨਾਂ ਦੇ ਦਿਮਾਗ ਵਿੱਚ ਕੁਝ ਤੰਤਰਿਕਾ ਸੈਲਾਂ ਮਰ ਜਾਂਦੀਆਂ ਹਨ। ਡੋਪਾਮਾਈਨ ਦੀ ਕਮੀ ਦਾ ਅਰਥ ਹੈ ਕਿ ਲੋਕਾ ਨਿਯੰਤਰਿਤ ਹਰਕਤ ਵਿੱਚ ਬਹੁਤ ਸਮੱਸਿਆ ਦਾ ਸਾਹਮਣਾ ਕਰ ਸਕਦੇ ਹਨ।

ਪਾਰਕਿੰਸਨ’ਸ ਦੇ ਕਾਰਨ ਲੋਕਾਂ ਦੇ ਹੱਥ ਅਤੇ ਸਰੀਰਾਂ ਨੂੰ ਹਿਲਣ ਲੱਗਦੇ ਹਨ। ਇਹ ਰੋਜ਼ਾਨਾ ਦੀਆਂ ਗਤੀਵਿਧੀਆਂ ਜਿਵੇਂ ਖਾਣਾ,ਕੱਪੜੇ ਪਹਿਣਨਾ ਜਾਂ ਫੋਨ ਜਾਂ ਕੰਪਿਊਟਰ ਵਰਤਣ ਨੂੰ ਔਖਾ ਜਾਂ ਕਸ਼ਟਦਾਇਕ ਬਣਾ ਸਕਦਾ ਹੈ।




ਪਾਰਕਿੰਸਨ'ਸ ਨਾਲ ਪ੍ਰਭਾਵਿਤ ਲੋਕ ਆਸਾਨੀ ਨਾਲ ਹਿਲਣ ਜੁਲਣ ਵਿੱਚ ਦਿੱਕਤ ਮਹਿਸੂਸ ਕਰ ਸਕਦੇ ਹਨ ਅਤੇ ਮਾਸਪੇਸ਼ੀਆਂ ਅਕਸਰ ਆਕੜ ਸਕਦੀਆਂ ਹਨ। ਕਈ ਵਾਰ ਜਦ ਹਿਲਦੇ ਹਨ ਤਾਂ ਇਕਦਮ ਜਾਮ ਹੋ ਜਾਂਦੇ ਹਨ। ਬਾਹਾਂ ਅਤੇ ਹੱਥ ਜਾਮ ਵੀ ਹੋ ਜਾਂਦੇ ਹਨ, ਕਿਉਂਕਿ ਜੇ ਉਹ ਇਹ ਭੁੱਲ ਜਾਂਦੇ ਹਨ ਜੋ ਕਰਦੇ ਹਨ।

ਅਤੇ ਪਾਰਕਿੰਸਨ'ਸ ਕੇਵਲ ਹਰਕਤ ਨੂੰ ਪ੍ਰਭਾਵਿਤ ਨਹੀਂ ਕਰਦਾ। ਸਥਿਤੀ ਨਾਲ ਪ੍ਰਭਾਵਿਤ ਲੋਕਾਂ ਤੇ ਸਮੱਸਿਆਵਾਂ ਜਿਵੇਂ ਦਰਦ, ਨਿਰਾਸ਼ਾ ਅਤੇ ਯਾਦਸ਼ਕਤੀ ਸੰਬੰਧੀ ਸਮੱਸਿਆਵਾਂ ਦਾ ਬਹੁਤ ਪ੍ਰਭਾਵ ਪੈ ਸਕਦਾ ਹੈ।




ਲੱਛਣਾਂ ਦਾ ਉਪਾਅ ਕਰਨ ਲਈ ਬਹੁਤ ਸਾਰੀਆਂ ਦਵਾਈਆਂ ਉਪਲੱਬਧ ਹਨ। ਜਦੋਂਕਿ ਕਿਸੇ ਵਿਅਕਤੀ ਦੀ ਇੱਕ ਦਵਾਈ ਨਾਲ ਮਦਦ ਕੀਤੀ ਜਾ ਸਕਦੀ ਹੈ, ਹੋ ਸਕਦਾ ਹੈ ਕਿ ਇਹ ਦੂਜੇ ਲਈ ਕੰਮ ਨਾ ਕਰੇ। ਕੁਝ ਲੋਕਾਂ ਨੂੰ ਦਵਾਈਆਂ ਦੇ ਸੁਮੇਲ ਦੀਆਂ ਚੰਗੀਆਂ ਖੁਰਾਕਾਂ ਦੀ ਪਵੇਗੀ- ਦੂਜਿਆਂ ਨੂੰ ਥੋੜੀਆਂ ਪਰੰਤੂ ਲਗਾਤਾਰ ਖੁਰਾਕਾਂ ਦੀ ਲੋੜ ਪਵੇਗੀ।

ਜਿਵੇਂ ਸਮਾਂ ਬੀਤਦਾ ਹੈ, ਲੋਕਾਂ ਨੂੰ ਆਪਣੀਆਂ ਦਵਾਈਆਂ ਬਦਲਣ ਦੀ ਲੋੜ ਪੈ ਸਕਦੀ ਹੈ। ਉਹਨਾਂ ਦੇ ਲੱਛਣਾਂ ਦੇ ਅਨੁਸਾਰ, ਕੁਝ ਲੋਕਾਂ ਲਈ ਸਰਜਰੀ ਵਿਕਲਪ ਹੋ ਸਕਦੀ ਹੈ। ਮਨੋਚਿਕਿਤਸਾ, ਭਾਸ਼ਣ ਅਤੇ ਭਾਸ਼ਾ ਅਤੇ ਵਿਵਸਾਇਕ ਚਿਕਿਤਸਾ ਵੀ ਸਹਾਇਤਾ ਕਰ ਸਕਦੀ ਹੈ।




ਪਾਰਕਿੰਸਨ'ਸ ਕਿਸੇ ਦੀ ਰੋਜ਼ਾਨਾ ਦੀ ਜ਼ਿੰਦਗੀ ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ, ਅਤੇ ਇੱਥੋਂ ਤੱਕ ਕਿ ਘੰਟੇ ਦਰ ਘੰਟੇ ਨੂੰ ਇੱਕ ਦਿਨ ਦਿਖਣ ਵਾਲੇ ਲੱਛਣ, ਅਗਲੇ ਦਿਨ ਉਹ ਸਮੱਸਿਆ ਨਹੀ ਹੋ ਸਕਦੇ।

ਹਾਲਾਂਕਿ ਉਸ ਸਮੇਂ ਜ਼ਿੰਦਗੀ ਔਖੀ ਹੋ ਸਕਦੀ ਹੈ, ਪਾਰਕਿੰਸਨ'ਸ ਨਾਲ ਪ੍ਰਭਾਵਿਤ ਕਈ ਲੋਕ ਸਕ੍ਰਿਅ, ਸੰਤੋਸ਼ਜਨਕ ਜ਼ਿੰਦਗੀ ਦਾ ਆਨੰਦ ਮਾਣਦੇ ਹਨ।




ਜੇ ਤੁਹਾਡਾ ਹਾਲ ਵਿੱਚ ਹੀ ਨਿਦਾਨ ਹੋਇਆ ਹੈ ਜਾਂ ਹੋਰ ਜਾਣਨਾ ਚਾਹੁੰਦੇ ਹੋ ਤਾਂ ਸਾਡੀਆਂ ਪੁਸਤਿਕਾਵਾਂ, *ਪਾਰਕਿੰਸਨ'ਸ ਅਤੇ ਤੁਸੀਂ*, *ਪਾਰਕਿੰਸਨ'ਸ ਦੇ ਨਾਲ ਜੀਵਨ ਜਿਓਣਾ* ਜਾਂ *ਦੇਖਭਾਲਕਰਤਾਵਾਂ ਨਾਲ ਸੰਬੰਧਿਤ ਗਾਇਡ*, ਦੇਖੋ।

ਆਰਡਰ ਕਰਨ ਲਈ **parkinsons.org.uk/publications** ਦੇਖੋ, **0845 121 2354** ਤੇ ਕਾੱਲ ਕਰੋ ਜਾਂ **resources@parkinsons.org.uk** ਤੇ ਈ-ਮੇਲ ਕਰੋ

ਸਾਡੀ ਵੈਬਸਾਈਟ **parkinsons.org.uk** ਤੇ ਜਾਉ ਜਾਂ ਜਾਣਕਾਰੀ ਅਤੇ ਸਹਾਇਤਾ ਕਰਮਚਾਰੀਆਂ, ਸਥਾਨਕ ਸਮੂਹਾਂ ਦੇ ਸਾਡੇ UK ਵਿਆਪੀ ਨੈਟਵਰਕ ਸਮੇਤ ਹੋਰ ਸਾਡੇ ਦੁਆਰਾ ਪ੍ਰਦਾਨ ਕੀਤੀ ਜਾ ਰਹੀ ਹੋਰ ਜਾਣਕਾਰੀ ਦੇ ਬਾਰੇ ਜ਼ਿਆਦਾ ਜਾਣਨ ਲਈ **0808 800 0303** ਤੇ ਕਾੱਲ ਕਰੋ।

## ਹਰੇਕ ਘੰਟੇ, ਇੱਕ ਵਿਅਕਤੀ ਕਹਿੰਦਾ ਹੈ ਕਿ ਉਹ ਪਾਰਕਿੰਸਨ'ਸ ਨਾਲ ਪ੍ਰਭਾਵਿਤ ਹੈ। ਕਿਉਂਕਿ ਅਸੀ ਇੱਥੇ ਹਾਂ, ਪਾਰਕਿੰਸਨ'ਸ ਦਾ ਕਿਸੇ ਨੂੰ ਵੀ ਇੱਕਲਿਆਂ ਸਾਹਮਣਾ ਨਹੀਂ ਕਰਨਾ ਪਵੇਗਾ।

ਅਸੀ ਪਾਰਕਿੰਸਨ'ਸ ਨਾਲ ਪ੍ਰਭਾਵਿਤ ਲੋਕਾਂ ਨੂੰ ਸਾਡੇ ਸਥਾਨਕ ਸਮੂਹਾਂ ਦੇ ਨੈਟਵਰਕ, ਸਾਡੀ ਵੈਬਸਾਈਟ ਅਤੇ ਮੁਫ਼ਤ ਗੁਪਤ ਹੈਲਪਲਾਈਨ ਦੁਆਰਾ ਉਹਨਾਂ ਦੇ ਦੇਖਭਾਲਕਰਤਾਵਾਂ ਅਤੇ ਪਰਿਵਾਰਾਂ ਤੱਕ ਲਿਆਉਂਦੇ ਹਾਂ। ਮਾਹਿਰ ਨਰਸਾਂ, ਸਾਡੇ ਸਹਾਇਕ ਅਤੇ ਸਟਾਫ਼ ਪਾਰਕਿੰਸਨ'ਸ ਦੇ ਹਰੇਕ ਪੱਖ ਤੇ ਜਾਣਕਾਰੀ ਅਤੇ ਸਿਖਲਾਈ ਪ੍ਰਦਾਨ ਕਰਦੇ ਹਨ।

ਜਿਵੇਂ ਕਿ UK ਦੇ ਪਾਰਕਿੰਸਨ'ਸ ਦੀ ਸਹਾਇਤਾ ਅਤੇ ਖੋਜ ਚੈਰਿਟੀ ਦੇ ਰੂਪ ਵਿੱਚ ਅਸੀ ਇਲਾਜ ਪਤਾ ਕਰਨ ਦੇ ਕੰਮ ਦੀ ਅਗਵਾਈ ਕਰ ਰਹੇ ਹਾਂ ਅਤੇ ਅਸੀ ਪਹਿਲਾਂ ਨਾਲੋਂ ਜ਼ਿਆਦਾ ਨਜ਼ਦੀਕ ਹਾਂ। ਅਸੀ ਦ੍ਰਿਸ਼ਟੀਕੋਣ ਬਦਲਣ ਅਤੇ ਬਿਹਤਰ ਸੇਵਾਵਾਂ ਦੀ ਮੰਗ ਵੀ ਮੁਹਿੰਮ ਚਲਾਈ ਹੈ।

ਸਾਡਾ ਕੰਮ ਪੂਰੀ ਤਰ੍ਹਾਂ ਦਾਨਾਂ ਤੇ ਨਿਰਭਰ ਹੈ। ਇਲਾਜ ਦਾ ਪਤਾ ਕਰਨ ਅਤੇ ਪਾਰਕਿੰਸਨ'ਸ ਦੁਆਰਾ ਪ੍ਰਭਾਵਿਤ ਹਰ ਵਿਅਕਤੀ ਦੀ ਜ਼ਿੰਦਗੀ ਵਿੱਚ ਸੁਧਾਰਨ ਵਿੱਚ ਸਾਡੀ ਸਹਾਇਤਾ ਕਰੋ।


### ਪਾਰਕਿੰਸਨ'ਸ UK

ਮੁਫ਼ਤ* ਗੁਪਤ ਹੈਲਪਲਾਈਨ **0808 800 0303**
ਵਿਸ਼ਾ-ਵਸਤੂ ਪ੍ਰਸਾਰਣ **18001 0808 800 0303**
ਸੋਮਵਾਰ ਤੋਂ ਸ਼ੁੱਕਰਵਾਰ 9am–8pm,
ਸ਼ਨੀਵਾਰ 10am–2pm. ਵਿਆਖਿਆ ਉਪਲਬਧ।
*UK ਲੈਂਡਲਾਈਨਾਂ ਅਤੇ ਜ਼ਿਆਦਾਤਰ ਮੋਬਾਇਲ ਨੈਟਵਰਕਾਂ ਤੋਂ ਕਾੱਲਾਂ ਮੁਫ਼ਤ ਹਨ।

**parkinsons.org.uk**
**hello@parkinsons.org.uk**



ਮਈ 2012 ਨੂੰ ਪਿਛਲੀ ਵਾਰ ਅਪਡੇਟ ਕੀਤਾ ਗਿਆ। ਅਗਲਾ ਅਪਡੇਟ ਮਈ 2014 ਨੂੰ ਉਪਲਬਧ ਹੋਵੇਗਾ।
L001P

**This resource is supported by The Medtronic Foundation and we are grateful for their generous gift. Our supporters don't have any input into the content of our publications.**

**ਇਸ ਪ੍ਰਕਾਸ਼ਨ ਵਿੱਚ ਮੇਡਟ੍ਰੋਨਿਕ ਫਾਉਂਡੇਸ਼ਨ ਦੁਆਰਾ ਸਹਾਇਤਾ ਦਿੱਤੀ ਗਈ ਹੈ ਅਤੇ ਅਸੀਂ ਉਹਨਾਂ ਦੇ ਉਦਾਰ ਤੋਹਫ਼ੇ ਲਈ ਧੰਨਵਾਦੀ ਹਾਂ। ਸਾਡੀ ਸਹਾਇਤਾ ਕਰਨ ਵਾਲਿਆਂ ਦਾ ਸਾਡੇ ਪਕ੍ਰਾਸ਼ਨਾਂ ਦੀ ਸਮੱਗਰੀ ਵਿੱਚ ਕੋਈ ਯੋਗਦਾਨ ਨਹੀਂ ਹੰਦੂਾ ਹੈ।**



© ਪਾਰਕਿੰਸਨ'ਸ UK, ਜੁਲਾਈ ਮਈ 2012 । ਪਾਰਕਿੰਸਨ'ਸ UK, ਪਾਰਕਿੰਸਨ'ਸ ਯੂਨਾਈਟਿਡ ਕਿੰਗਡਮ ਦੀ ਰੋਗ ਸੋਸਾਇਟੀ ਦਾ ਸੰਚਾਲਿਤ ਨਾਮ ਹੈ। ਇੰਗਲੈਂਡ ਅਤੇ ਵੇਲਸ (258197) ਅਤੇ ਸਕਾੱਟਲੈਂਡ (SC037554)ਵਿੱਚ ਪੰਜੀਕ੍ਰਿਤ ਇੱਕ ਚੈਰਿਟੀ।